# ਜੰਗ ਸਿੰਘਾਂ ਤੇ ਫ਼ਿਰੰਗੀਆਂ: ਕਲਾਤਮਕ-ਪੱਖ

ਸ਼ਾਹ ਮੁਹੰਮਦ ਦੁਆਰਾ ਰਚਿਤ 'ਜੰਗ ਸਿੰਘਾ ਤੇ ਫਿਰੰਗੀਆ' ਦੇ ਕਲਾਤਮਕ-ਪੱਖ ਸੰਬੰਧੀ ਵਿਚਾਰ ਚਰਚਾ ਕਰਨ ਤੋਂ ਪਹਿਲਾ ਇਕ ਪੰਛੀ ਝਾਤ ਸ਼ਾਹ ਮੁਹੰਮਦ ਦੀ ਸਖ਼ਸੀਅਤ ਅਤੇ ਰਚਨਾ ਉਪਰ ਪਾਉਣੀ ਬਣਦੀ ਹੋਵੇਗੀ।

ਸ਼ਾਹ ਮੁਹੰਮਦ ਦੁਆਰਾ ਰਚਿਤ 'ਜੰਗ ਸਿੰਘਾਂ ਤੇ ਫ਼ਿਰੰਗੀਆ' ਪੰਜਾਬੀ ਸਾਹਿਤ ਦੀ ਬਹੁਤ ਹੀ ਸਲਾਹੁਣਯੋਗ, ਸਤਿਕਾਰਯੋਗ ਅਤੇ ਉਲੇਖਣਯੋਗ ਇਕ ਅਮਰ ਰਚਨਾ ਹੈ। ਜਿਹੜੀ ਕਿ ਸ਼ਾਹ ਮੁਹੰਮਦ ਦੀ ਪਰਿਪੱਕ ਇਤਿਹਾਸਿਕ ਵਿਚਾਰਧਾਰਾ ਅਤੇ ਉਤਕ੍ਰਿਸ਼ਟ ਲੇਖਣੀ ਦਾ ਪਰਿਚਯ ਕਰਾਉਣ ਵਾਲੀ ਇਕ ਅਨੁਪਮ ਰਚਨਾ ਹੈ। ਜਿਸ ਵਿਚੋਂ ਉਸ ਦੀ ਦੇਸ਼ ਭਗਤੀ ਅਤੇ ਪੰਜਾਬੀਅਤ ਦਾ ਜਜ਼ਬਾ ਉਮੜ-ਉਮੜ ਪੈਂਦਾ ਹੈ। ਉਸਦੀ ਇਸ ਉਤਕ੍ਰਿਸ਼ਟ ਲੇਖਣੀ ਸਦਕਾ ਉਸ ਨੂੰ ਵਿਦਵਾਨਾਂ ਵੱਲੋਂ 'ਪੰਜਾਬ ਦਾ ਕੌਮੀ ਕਵੀ,' 'ਪੰਜਾਬ ਦੀ ਆਵਾਜ਼' 'ਪੰਜਾਬ ਦੀ ਰੂਹ' ਕਹਿ ਕੇ ਸਤਿਕਾਰਿਆ ਅਤੇ ਵਡਿਆਇਆ ਗਿਆ ਹੈ। ਸ਼ਾਹ ਮੁਹੰਮਦ ਦੀ ਇਹ ਰਚਨਾ ਇਤਿਹਾਸਿਕ ਕਵਿਤਾ ਦਾ ਅਤਿ ਸੁੰਦਰ ਨਮੂਨਾ ਪੇਸ਼ ਕਰਦੀ ਹੈ, ਜਿਸ ਨੂੰ ਕਈ ਹੋਰ ਨਾਮਾਂ ਨਾਲ ਵੀ ਪਹਿਚਾਣਿਆ ਜਾਂਦਾ ਹੈ।

ਡਾ. ਗੰਡਾ ਸਿੰਘ ਅਨੁਸਾਰ,

> "ਸ਼ਾਹ ਮੁਹੰਮਦ ਪੰਜਾਬ ਦਾ ਇਕ ਬਹੁਤ ਉੱਚ ਪਾਏ ਦਾ ਕਵੀ ਹੈ, ਜਿਸ ਦੀ 'ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ' ਨਾਮੀ ਪ੍ਰਸਿੱਧ ਅਤੇ ਇਸ ਖਿਚਵੀਂ ਰਚਨਾ ਨੇ ਇਸ ਨੂੰ ਅਮਰ ਕਰ ਦਿੱਤਾ ਹੈ! ਇਹ ਰਚਨਾ ਹੋਰ ਕਈ ਨਾਵਾਂ ਨਾਲ ਵੀ ਪ੍ਰਸਿੱਧ ਹੈ, ਜਿਵੇਂ ਕਿ 'ਕਿੱਸਾ ਸ਼ਾਹ ਮੁਹੰਮਦ, ਵਾਰ ਸ਼ਾਹ ਮੁਹੰਮਦ, ਸ਼ਾਹ ਮੁਹੰਮਦ ਦੇ ਬੈਂਤ, ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ ਦਾ ਆਦਿ।"

(ਸ਼ਾਹ ਮੁਹੰਮਦ: ਜੀਵਨ ਤੇ ਰਚਨਾ, ਭੀਮ ਇੰਦਰ ਸਿੰਘ/117)

ਇਸ ਰਚਨਾ ਦਾ ਮੂਲ ਵਿਸ਼ਾ ਮਹਾਰਾਜਾ ਰਣਜੀਤ ਸਿੰਘ ਦੀ

ਮੌਤ ਤੋਂ ਬਾਅਦ ਲਾਹੌਰ ਦਰਬਾਰ ਵਿਚ ਸੱਤ ਸਾਲ ਤੱਕ ਫੈਲੀ ਅਰਾਜਕਤਾ (1839 ਤੋਂ 1846ਈ.), ਲਾਹੌਰ ਦਰਬਾਰ ਵਿਚ ਕਤਲੇਆਮ ਅਤੇ ਸਿੱਖਾਂ ਤੇ ਅੰਗਰੇਜ਼ਾਂ ਵਿਚ ਹੋਈ ਜੰਗ-ਵਾਰਤਾ ਨੂੰ ਪੇਸ਼ ਕਰਨਾ ਹੈ। ਸ਼ਾਹ ਮੁਹੰਮਦ ਨੇ ਇਹ ਰਚਨਾ ਰਚ ਕੇ ਪੰਜਾਬੀਆਂ ਦੀ ਸੁੱਤੀ ਹੋਈ ਅਣਖ ਨੂੰ ਵੰਗਾਰਿਆ ਹੈ। ਸ਼ਾਹ ਮੁਹੰਮਦ ਇਸ ਰਚਨਾ ਵਿਚਲੇ ਬ੍ਰਿਤਾਂਤ ਨੂੰ ਯਥਾਰਥਮਈ ਢੰਗ ਨਾਲ ਕੋਮਲ ਅਤੇ ਸੂਖਮ ਭਾਵਾਂ ਦੁਆਰਾ ਇੰਨੀ ਸਹਿਜਤਾ ਅਤੇ ਸੂਝਵਾਨਤਾ ਨਾਲ ਪ੍ਰਗਟਾ ਜਾਂਦਾ ਹੈ ਕਿ ਇਸ ਦੇ ਰੰਗ ਵਿਚ ਪਾਠਕ ਵੀ ਖੁਦ ਉਤਰਦੇ ਹਨ ਅਤੇ ਇਸ ਦੁਆਰਾ ਪ੍ਰਗਟਾਈਆਂ ਭਾਵਨਾਵਾਂ ਵਿਚ ਗੜੂੰਦ ਹੋ ਕੇ ਰਹਿ ਜਾਂਦੇ ਹਨ। ਇਹ ਗੁਣ ਇਸ ਦੇ ਉੱਤਮ ਕਵੀ ਹੋਣ ਦੀ ਸਾਖੀ ਭਰਦਾ ਹੈ।

ਡਾ. ਰਤਨ ਸਿੰਘ ਜੱਗੀ ਅਨੁਸਾਰ,

> "ਸ਼ਾਹ ਮੁਹੰਮਦ ਪੰਜਾਬੀ ਦਾ ਪਹਿਲਾ ਅਜਿਹਾ ਕਵੀ ਹੈ, ਜਿਸ ਨੇ ਯਥਾਰਥ ਭੂਮੀ ਉਤੇ ਟਿਕ ਕੇ ਦੇਸ਼ ਪਿਆਰ ਦੀ ਅਤੇ ਉਤਸ਼ਾਹ ਵਰਧਕ ਵਧੀਆਂ ਕਵਿਤਾ ਲਿਖੀ ਹੈ।"

ਇਸ ਰਚਨਾ ਵਿਚੋਂ ਸ਼ਾਹ ਮਹੰਮਦ ਦੀ ਵਿਲੱਖਣ ਸਮਦ੍ਰਿਸ਼ਟੀ ਵਿਸ਼ੇਸ਼ ਵਿਚਾਰਧਾਰਕ ਸੋਚ ਅਤੇ ਲਿਖਤ ਦੀ ਕਲਾਤਮਕਤਾ ਇਸ ਨੂੰ ਬਾਕੀ ਸਾਹਿਤਕ ਰਚਨਾਵਾਂ ਤੋਂ ਵਖਰਿਆਉਂਦੀ ਹੈ। ਇਹ ਰਚਨਾ ਇਤਿਹਾਸ, ਸਾਹਿਤਕ ਅਤੇ ਕਲਾਤਮਕ ਅੰਸ਼ਾਂ ਦਾ ਭਰਪੂਰ ਖਜ਼ਾਨਾ ਹੈ। ਇਸ ਦੀ ਰਚਨਾ ਵਿਚ ਇਕ ਅਜਿਹਾ ਜਾਦੂ ਹੈ, ਜਿਸ ਨੂੰ ਸਰੋਤੇ ਜਿੰਨੀ ਵਾਰ ਪੜ੍ਹਦੇ ਹਨ, ਇਸਦੇ ਵਿਲੱਖਣ ਅਤੇ ਅਲੌਕਿਕ ਰਸ ਨੂੰ ਗ੍ਰਹਿਣ ਕਰਦੇ ਹਨ। ਇਸ ਸੰਬੰਧੀ ਪ੍ਰੋ. ਕਿਰਪਾਲ ਸਿੰਘ ਕਸੇਲ ਲਿਖਦੇ ਹਨ,

> "ਉਹ (ਸ਼ਾਹ ਮੁਹੰਮਦ) ਦੀ ਕਵਿ ਪ੍ਰਤਿਭਾ, ਪੱਕੀ ਹਸੀ ਸੂਝ-ਬੂਝ ਸੁਘੜਤਾ ਵਾਲੀ ਸਿਆਣਪ ਤੇ ਰਸਿਕ ਛੁਹਾਂ ਨਾਲ ਭਰਪੂਰ ਅੰਦਾਜ਼, ਇਸ ਦੇ ਪਕੇਰੇ

ਕਲਾਤਮਕ ਵਿਅਕਤੀਤਵ ਦੀ ਸਾਖੀ
ਭਰਦੇ ਹਨ।"
(ਸ਼ਾਹ ਮੁਹੰਮਦ: ਜੀਵਨ ਤੇ ਰਚਨਾ, ਭੀਮ ਇੰਦਰ ਸਿੰਘ/94)

ਸੋ ਇਸ ਪ੍ਰਕਾਰ ਸ਼ਾਹ ਮੁਹੰਮਦ ਇਕ ਉਤਮ ਕਵੀ ਤੇ ਸ਼ਾਇਰ ਹੋਇਆ ਹੈ, ਜਿਸ ਦੁਆਰਾ ਰਚਿਤ 'ਜੰਗ ਸਿੰਘਾ ਤੇ ਅੰਗਰੇਜ਼ਾਂ' ਰਚਨਾ ਇਕ ਅਮਰ ਕਵਿਤਾ ਹੈ। ਪਰ ਇਥੇ ਸਾਡਾ ਮੂਲ ਵਿਸ਼ਾ ਜੰਗ ਸਿੰਘਾ ਤੇ ਅੰਗ-ਰੇਜ਼ਾਂ ਦੇ ਕਲਾਤਮਕ ਪੱਖ ਨੂੰ ਪੇਸ਼ ਕਰਨਾ ਹੈ।

ਸ਼ਾਹ ਮੁਹੰਮਦ ਦੀ ਰਚਨਾ ਜਿਥੇ ਵਿਸ਼ਾ ਪੱਖ ਅਤੇ ਇਤਿਹਾਸਿਕਤਾ ਦੇ ਪੱਖ ਤੋਂ ਇਕ ਨਿਪੁੰਨ ਰਚਨਾ ਹੈ ਉਥੇ ਕਲਾਤਮਕ ਪੱਖ ਤੋਂ ਵੀ ਇਸਦਾ ਕੋਈ ਸਾਨੀ ਨਹੀਂ। ਸ਼ਾਹ ਮੁਹੰਮਦ ਦੀ ਰਚਨਾ ਨੂੰ ਡੂੰਘੀਆਂ ਅੱਕਸ-ਰੇ ਨਜ਼ਰਾਂ ਨਾਲ ਦੇਖਣ ਤੇ ਇਹ ਪ੍ਰਤੀਤ ਹੁੰਦਾ ਹੈ ਕਿ ਸਿਆਣਿਆਂ/ ਵਿਦਵਾਨਾਂ ਨੇ ਸਾਹਿਤਕ ਗੁਣ ਦਾ ਜਿਹੜਾ ਚੌਖਟਾ ਘੜਿਆ ਹੈ, ਉਸ ਉਪਰ ਇਹ ਰਚਨਾ ਪੂਰੀ ਤਰ੍ਹਾਂ ਖਰੀ ਉਤਰਦੀ ਹੈ। ਇਹ ਰਚਨਾ ਇਕ ਅਜਿਹਾ ਚੱਲਚਿੱਤਰ ਦ੍ਰਿਸ਼ ਪੇਸ਼ ਕਰਦੀ ਹੈ ਜਿਹੜੀ ਆਪਣੀ ਕਹਾਣੀ ਆਪਣੇ ਮੂੰਹੋਂ ਆਪ ਬਿਆਨ ਕਰਦੀ ਨਜ਼ਰ ਆਉਂਦੀ ਹੈ।


ਪ੍ਰੋ. ਦੀਵਾਨ ਸਿੰਘ ਅਨੁਸਾਰ,

"ਕਿੱਸੇ ਦੀ ਸਾਹਿਤਕ ਤੇ ਕਾਵਿਕ ਮਹਾਨਤਾ ਇਸ ਕਿੱਸੇ ਦੀ ਜਾਨ ਹੈ,....। ਇਹ ਗੁਣ ਕਵੀ ਦੀ ਕਲਾ- ਨਿਪੁੰਨਤਾ ਦਾ ਇੱਕ ਅਦੁੱਤੀ ਪ੍ਰਮਾਣ ਹੈ। ਇਹੋ ਉਸਦੇ ਮਹਾਨ ਸ਼ੈਲੀਕਾਰ ਹੋਣ ਦਾ ਸਬੂਤ ਹੈ।... ਵਾਰਿਸ ਸ਼ਾਹ ਦੇ ਕਿੱਸੇ ਵਾਂਗ ਇਹ ਕਿੱਸਾ ਵੀ ਸਹਿਜ ਸੁਭਾਅ ਹਰ ਪੰਜਾਬੀ ਦੀ ਜੀਭ ਤੇ ਚੜ੍ਹ ਜਾਂਦਾ ਹੈ।"
(ਜੰਗ ਸਿੰਘਾ ਤੇ ਅੰਗਰੇਜ਼ਾਂ, ਸੰਪਾ. ਬਲਬੀਰ ਸਿੰਘ ਪੂਨੀ/17)

ਇਸ ਰਚਨਾ ਦੇ ਕਲਾਤਮਕ ਗੁਣਾਂ ਬਾਰੇ ਆਪਣੀ ਰਾਏ ਪੇਸ਼

ਕਰਦੇ ਹੋਏ ਪ੍ਰਿੰ. ਸੰਤ ਸਿੰਘ ਸੇਖੋਂ ਲਿਖਦੇ ਹਨ, "ਕਵੀ ਆਪਣੇ ਮਜ਼ਮੂਨ ਨਾਲ ਅਪਣਤ, ਇਸ ਵਿਚਲੀਆਂ ਘਟਨਾਵਾਂ ਨਾਲ ਨੇੜੇ ਦੀ ਦਿਲਚਸਪੀ, ਸਿੰਘਾਂ ਦੀ ਬਹਾਦਰੀ ਵੱਲ ਸ਼ਰਧਾ ਤੇ ਉਨ੍ਹਾਂ ਦੀ ਬੇਸਮਝੀ ਉਤੇ ਅਫਸੋਸ ਭਰਿਆ ਵਿਅੰਗ, ਕਵਿਤਾ ਬੋਲੀ, ਅਲੰਕਾਰ ਤੇ ਛੰਦ ਸੰਜਮ ਵੱਲੋਂ ਬਹੁਤ ਸਾਫ, ਸੁਲਝੀ ਸੰਵਰੀ ਹੋਈ ਹੈ, ਭਾਵੇਂ ਕੋਈ-ਕੋਈ ਸਤਰ ਵਧੇਰੇ ਕਰਕੇ ਕਿਤਾਬਤ ਦੇ ਨੁਕਸ ਦੇ ਕਾਰਨ ਕਮਜ਼ੋਰ ਤੇ ਢਿੱਲੀ ਜ਼ਰੂਰ ਹੈ ਪਰ ਆਮ ਕਰਕੇ ਬੈਂਤਾਂ ਦੀ ਚੁਸਤੀ ਤੇ ਰਵਾਨੀ ਸ਼ਲਾਘਾਯੋਗ ਹੈ। ਇਹ ਕਹਿ ਦੇਣਾ ਕਾਫ਼ੀ ਹੈ ਕਿ ਇਹ ਪੰਜਾਬੀ ਵਿਚ ਸਭ ਤੋਂ ਵਧੀਆ ਇਤਿਹਾਸਕ ਕਵਿਤਾ ਹੈ ਅਤੇ ਆਮ ਕਵਿਤਾ ਵਿਚ ਵੀ ਇਸਦਾ ਰੁਤਬਾ ਉੱਚਾ ਹੈ। (ਸ਼ਾਹ ਮੁਹੰਮਦ: ਜੀਵਨ ਤੇ ਰਚਨਾ, ਭੀਮ ਇੰਦਰ ਸਿੰਘ/94-95)

ਜੋ ਇਸਦੇ ਕਲਾਤਮਕ ਗੁਣ ਇਸਨੂੰ ਜਾਦੂਮਈ ਸਥਾਈ ਬਣਾਉਣ ਵਿਚ ਸਹਾਈ ਸਿੱਧ ਹੁੰਦੇ ਹਨ। ਇਸ ਰਚਨਾ ਦੇ ਕਲਾਤਮਕ ਗੁਣਾਂ ਦਾ ਵੇਰਵਾ ਇਸ ਪ੍ਰਕਾਰ ਹੈ:-




ਇਹਨਾਂ ਕਲਾਤਮਕ ਗੁਣਾਂ ਸੰਬੰਧੀ ਵਿਸਥਾਰ ਪੂਰਵਕ ਚਰਚਾ ਇਸ ਪ੍ਰਕਾਰ ਪ੍ਰਸਤੁਤ ਹੈ:-

੧. **ਭਾਸ਼ਾ/ਸ਼ਬਦਾਵਲੀ:** ਸ਼ਾਹ ਮੁਹੰਮਦ ਨੇ ਭਾਸ਼ਾ ਜਿਹੇ ਸਸ਼ਕਤ ਸਾਧਨ ਦੁਆਰਾ ਆਪਣੇ ਭਾਵ ਦੀ ਅਭਿਵਿਅਕਤੀ ਕੀਤੀ ਹੈ। ਇਸ ਦੀ ਭਾਸ਼ਾ ਵਿਚ ਅਜਿਹਾ ਤੇਜ਼ ਹੈ ਕਿ ਇਸਦੀ ਕਾਵਿ ਰਚਨਾ ਨੂੰ ਪੜ੍ਹਦਿਆਂ ਸਰੋਤਾ ਆਪ-

ਆਪ ਭੁੱਲ ਕੇ ਇਸ ਤੰਨਮਈ ਰਚਨਾ ਵਿਚ ਗੜੂੰਦ ਹੋ ਕੇ ਰਹਿ ਜਾਂਦਾ ਹੈ। ਇਸ ਦੀ ਭਾਸ਼ਾ ਵਿਚ ਇਕ ਵੱਖਰਾ ਜਿਹਾ ਰਸ ਹੈ ਜੋ ਉਸਦੀ ਰਚਨਾ ਨੂੰ ਬਾਕੀ ਰਚਨਾਵਾਂ ਤੋਂ ਵਖਰਿਆਉਂਦਾ ਹੈ। ਸ਼ਾਹ ਮੁਹੰਮਦ ਦੀ ਭਾਸ਼ਾ ਦੀ ਵਡਿਆਈ ਕਰਦੇ ਹੋਏ,

**ਡਾ. ਰਤਨਸਿੰਘ ਜੱਗੀ ਕਹਿੰਦੇ ਹਨ,**

> "ਇਸ ਜੰਗਨਾਮੇ ਦੀ ਭਾਸ਼ਾ ਬੜੀ ਸਮ੍ਰਿੱਧ, ਸ਼ੁੱਧ ਅਤੇ ਸਸ਼ਕਤ ਹੈ! ਸਮ੍ਰਿੱਧ ਇਸ ਲਈ ਕਿ ਇਸ ਦਾ ਸ਼ਬਦ ਕੋਸ਼ ਬਹੁਤ ਵਿਸ਼ਾਲ ਅਤੇ ਗੰਭੀਰ ਹੈ। ਆਪਣੇ ਭਾਵਾਂ ਅਤੇ ਵਿਚਾਰਾਂ ਨੂੰ ਚੰਗੀ ਤਰ੍ਹਾਂ ਦੂਜਿਆਂ ਤੱਕ ਪਹੁੰਚਾਣ ਲਈ ਲੇਖਕ ਸਦਾ ਢੁੱਕਵੇਂ ਅਤੇ ਸਹੀ ਅਰਥ ਬੋਧ ਕਰਾਉਣ ਵਾਲੇ ਸ਼ਬਦਾਂ ਦੀ ਭਾਲ ਵਿਚ ਰਹਿੰਦਾ ਹੈ।"

ਸ਼ਾਹ ਮੁਹੰਮਦ ਨੇ ਸਰਲ ਅਤੇ ਠੇਠ ਭਾਸ਼ਾ ਦੀ ਵਰਤੋਂ ਕੀਤੀ ਹੈ! ਜਿਹੜੀ ਸ਼ਹਿਰਾਂ, ਪਿੰਡਾਂ, ਸ਼ਾਹੀ ਦਰਬਾਰਾਂ, ਪੜ੍ਹਿਆਂ-ਲਿਖਿਆਂ ਅਤੇ ਪੇਂਡੂਆਂ ਵਿਚ ਸਮਝੀ ਜਾ ਸਕਦੀ ਹੈ! ਸ਼ਾਹ ਮੁਹੰਮਦ ਨੇ ਆਪਣੀ ਰਚਨਾ ਵਿਚ ਪੰਜਾਬੀ, ਅਰਬੀ-ਫਾਰਸੀ, ਅੰਗਰੇਜ਼ੀ ਅਤੇ ਸਿੱਖੀ ਰੰਗਣ ਵਾਲੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ! ਜਿਵੇਂ:-

I **ਅਰਬੀ-ਫ਼ਾਰਸੀ:** ਅੱਵਲ, ਹਸਦ, ਜਨਾਬ, ਅਸਲਾ, ਆਫ਼ਤ, ਕੌਲ ਕਰਾਰ, ਜੰਗ, ਰਜ਼ਾ, ਸ਼ਰੀਕ, ਸ਼ੁਰਫ਼, ਕਾਇਮ, ਜ਼ਬਤ, ਰਫੂ, ਗਿਲਾ ਆਦਿ।

II **ਅੰਗਰੇਜ਼ੀ ਸ਼ਬਦਾਵਲੀ:** ਅਫ਼ਸਰ, ਕੰਪਨੀ, ਲਾਟ, ਸੰਤਰੀ, ਅਰਦਲੀ, ਨੰਬਰ, ਕਰਨੈਲ ਆਦਿ।

III **ਸਿੱਖੀ ਰੰਗਣ ਸ਼ਬਦਾਵਲੀ:** ਖਾਲਸੇ ਕੇਸ, ਪਰਸਾਦ, ਛੱਕਣਾ, ਨੀਰ, ਗੁਰਮਤਾ, ਕਸਮਾਂ ਚੱਕਣੀਆਂ, ਸੱਚਾ ਸਾਹਿਬ, ਫ਼ਤਹਿ, ਕਲਗੀ, ਪੰਥ।

IV **ਸਮਾਸ:** ਰੱਬ-ਕਰੀਮ, ਅਤਿ-ਸ਼ੁਮਾਰ, ਆਸ-ਉਮੀਦ, ਤੁਰਤ-ਜਲਦੀ, ਕੌੜ-ਬੁਖਾਰ।

ਸ਼ਾਹ ਮੁਹੰਮਦ ਨੇ ਪੰਜਾਬੀ ਭਾਸ਼ਾ ਦੇ ਸ਼ਬਦ ਭੰਡਾਰ ਵਿਚ ਵਾਧਾ ਕੀਤਾ ਹੈ। ਉਸਦੀ ਰਚਨਾ ਵਿਚ ਵਰਤੀ ਸਰਲ, ਸਾਦੀ, ਅਤੇ ਸਪੱਸ਼ਟ ਭਾਸ਼ਾ ਉਸ ਦੀ ਕਾਵਿ-ਸ਼ੈਲੀ ਨੂੰ ਵਧੇਰੇ ਨਿਖਾਰਦੀ ਹੈ! ਉਸ ਦੁਆਰਾ ਵਰਤੀ ਗਈ ਫ਼ੱਸਰੀ-ਸ ਸ਼ਬਦਾਵਲੀ ਪੰਜਾਬੀ ਵਿਚ ਇਸ ਤਰ੍ਹਾਂ ਰਚ-ਮਿਚ ਗਈ ਹੈ ਜਿਵੇਂ ਆਟੇ ਵਿਚ ਲੂਣ! ਉਸਦੀ ਪ੍ਰਭਾਵਸ਼ਾਲੀ ਸ਼ਬਦਾਵਲੀ ਬਾਰੇ,

ਡਾ. ਦੀਵਾਨ ਸਿੰਘ ਲਿਖਦੇ ਹਨ,

"ਸ਼ਬਦ ਚੋਣ ਇੰਨੀ ਢੁਕਵੀਂ ਹੈ ਕਿ ਹਰ ..... ਸ਼ਬਦ ਇਸ ਤਰ੍ਹਾਂ ਜੜਿਆ ਗਿਆ ਹੈ, ਜਿਵੇਂ ਕਿਸੇ ਸੁਨਹਿਰੀ ਤਾਜ ਵਿਚ ਕੀਮਤੀ ਹੀਰੇ ਅਤੇ ਨਗ, ਬੋਲੀ ਇੰਨੀ ਰਸ ਕੇ, ਪੁੰਗਰ ਕੇ, ਨਿਸ਼ਰਆ ਕੇ ਵਰਤੀ ਹੈ ਕਿ ਹਰ ਤੁਕ ਸਰਲਤਾ ਵਿਚ ਅਮ੍ਰਿਤ ਦਾ ਸੋਮਾ ਹੈ।"

(ਜੰਗ ਸਿੰਘਾਂ ਤੇ ਅੰਗਰੇਜ਼ਾਂ, ਸੰਪਾ. ਬਲਬੀਰ ਸਿੰਘ ਪੂਨੀ/81)

ਸ਼ਾਹ ਮੁਹੰਮਦ ਦੇ ਜੰਗਨਾਮੇ ਵਿਚ ਇੰਨੀਆਂ ਵਿਸ਼ੇਸ਼ਤਾਵਾਂ ਕਾਰਨ ਹੀ ਹਰਮਨ-ਪਿਆਰੀ ਰਚਨਾ ਹੈ! ਜਿਥੇ ਇਸ ਜੰਗਨਾਮੇ ਦੀ ਇਤਿਹਾਸਿਕ ਮਹਾਨਤਾ ਹੈ ਉਥੇ ਉਸਨੇ ਪੰਜਾਬੀ ਸ਼ਬਦ ਭੰਡਾਰ ਵਿਚ ਵੀ ਸ਼ਿੰਗਾਰ ਵਾਧਾ ਕੀਤਾ ਹੈ।

੭. **ਸ਼ੈਲੀ**: ਸ਼ਾਹ ਮੁਹੰਮਦ ਦੀ ਰਚਨਾ ਵਿਚ ਸ਼ੈਲੀ ਦੇ ਪੱਖੋਂ ਵੀ ਵਿਲੱਖਣਤਾ ਦੇਖੀ ਜਾ ਸਕਦੀ ਹੈ। ਉਹ ਇਕ ਉਤਕ੍ਰਿਸ਼ਟ ਸ਼ੈਲੀਕਾਰ ਸੀ, ਜਿਸ ਦੀ ਸਹਾਇਤਾ ਉਸਦੀ ਰਚਨਾ ਚੋਕ-ਚੋਕ ਦੇ ਦਿੰਦੀ ਹੈ। ਸ਼ਾਹ ਮੁਹੰਮਦ ਨੇ ਆਪਣੀ ਰਚਨਾ ਵਿਚ ਪ੍ਰਭਾਵਸ਼ੀਲਤਾ ਅਤੇ ਆਕਰਸ਼ਣ ਲਿਆਉਣ ਲਈ ਬਿਰਤਾਂਤਕ ਸ਼ੈਲੀ, ਰੌਚਕ ਸ਼ੈਲੀ, ਵਿਅੰਗਾਤਮਕ ਸ਼ੈਲੀ, ਨਾਟਕੀ ਸ਼ੈਲੀ ਅਤੇ ਪ੍ਰਸ਼ਨੋਤਰੀ ਸ਼ੈਲੀ ਦੀ ਨਿਪੁੰਨ ਵਰਤੋਂ ਕੀਤੀ ਹੈ!

ਡਾ. ਦੀਵਾਨ ਸਿੰਘ ਅਨੁਸਾਰ,

"...ਸਾਹਿਤਕ ਤੇ ਕਾਵਿਕ ਮਹਾਨਤਾ ਇਸ ਕਿੱਸੇ ਦੀ ਜਾਨ ਹੈ.... । ਇਹ ਗੁਣ ਕਵੀ ਦੀ

ਕਲਾ-ਨਿਪੁੰਨਤਾ ਦਾ ਇਕ ਅਦੁੱਤੀ ਪ੍ਰਮਾਣ ਹੈ। ਇਹੋ ਉਸ ਦੇ ਮਹਾਨ ਸ਼ੈਲੀਕਾਰ ਹੋਣ ਦਾ ਸਬੂਤ ਹੈ।"

(ਜੰਗ ਸਿੰਘਾਂ ਤੇ ਅੰਗਰੇਜ਼ਾਂ, ਡਾ. ਬਲਬੀਰ ਸਿੰਘ ਪੂਨੀ/17)

I **ਬਿਰਤਾਂਤਕ ਸ਼ੈਲੀ:** ਬਿਰਤਾਂਤਕ ਕਾਵਿ ਵਿਚ ਪਾਠਕ/ਸਰੋਤੇ ਦੀ ਰੁਚੀ ਦਾ ਅਧਾਰ ਹੈ- ਉਤਸੁਕਤਾ। ਉਤਸੁਕਤਾ ਇਕ ਅਜਿਹੀ ਜੁਗਤ ਹੈ ਜਿਸ ਰਾਹੀਂ ਰੌਚਿਕਤਾ ਨੂੰ ਪੈਦਾ ਕੀਤਾ ਅਤੇ ਕਾਇਮ ਰੱਖਿਆ ਜਾਂਦਾ ਹੈ। ਉਤਸੁਕਤਾ ਉਹ ਰੁਚੀ ਹੈ ਜਦੋਂ ਅਸੀਂ ਰਚਨਾ ਦੇ ਅਖ਼ੀਰ ਤਕ ਪੁੱਜਦੇ ਚਲੇ ਜਾਈਏ ਅਗਾਂਹ ਕੀ ਹੋਇਆ।

ਸ਼ਾਹ ਮੁਹੰਮਦ ਦੀ ਰਚਨਾ ਵਿਚ ਆਦਿ ਤੋਂ ਅੰਤ ਤੱਕ ਇਹ ਉਤਸੁਕਤਾ ਬਣੀ ਰਹਿੰਦੀ ਹੈ। ਉਦਾਹਰਣ:

- ਜਦੋਂ ਹੋਏ ਸਰਕਾਰ ਦੇ ਖ਼ਾਸ ਪੂਰੇ,
  ਜਮ੍ਹਾ ਹੋਏ ਨੀ ਸਭ ਸਰਦਾਰ ਮੀਆਂ।।

II **ਨਾਟਕੀ ਸ਼ੈਲੀ:** ਸ਼ਾਹ ਮੁਹੰਮਦ ਆਪਣੇ ਬਿਆਨ ਵਿਚ ਨਾਟਕੀਅਤਾ ਲਿਆ ਕੇ ਉਸ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਂਦਾ ਹੈ। ਉਹ ਆਪਣੇ ਪਾਤਰਾਂ ਦੇ ਮੂੰਹੋਂ ਅਜਿਹੀਆਂ ਗੱਲਾਂ ਅਖਵਾਉਂਦਾ ਹੈ, ਜਿਹੜੀਆਂ ਹਾਲਤਾਂ ਦੇ ਅਨੁਕੂਲ ਸਨ, ਅਤੇ ਨਾਟਕੀਅਤਾ ਉਪਜਾਉਣ ਵਿਚ ਸਹਾਈ ਸਨ। ਚੇਤ ਸਿੰਘ ਦੇ ਕਤਲ ਕੀਤੇ ਜਾਣ ਤੇ ਮਹਾਰਾਜਾ ਖੜਕ ਸਿੰਘ ਆਖਦਾ ਹੈ:

- ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ,
  ਸਾਡਾ ਇਹੋ ਹੀ ਕੌਲ ਕਰਾਰ ਮੀਆਂ।।

ਰਾਣੀ ਜਿੰਦਾਂ ਦੇ ਭਰਾ ਜਵਾਹਰ ਸਿੰਘ ਦਾ ਕਤਲ ਕਰ ਦਿੱਤਾ ਜਾਂਦਾ ਹੈ। ਰਾਣੀ ਜਿੰਦਾਂ ਦੇ ਰੋਣ ਅਤੇ ਕ੍ਰੋਧ ਨੂੰ ਨਾਟਕੀ ਢੰਗ ਨਾਲ ਪੇਸ਼ ਕਰਦਾ, ਸ਼ਾਹ ਮੁਹੰਮਦ ਲਿਖਦਾ ਹੈ:

- ਜਿਨ੍ਹਾਂ ਮਾਰਿਆ ਕੋਹ ਕੇ ਵੀਰ ਮੇਰਾ,
  ਮੈਂ ਤਾ ਪੁਟਾਉਂਗੀ ਉਨ੍ਹਾਂ ਦੀ ਜੁੰਡੀਆਂ ਨੀ.....

ਘੋੜੇ ਛਹਿਣਗੇ ਬਹੁਤ ਗੁਮਾਨ ਦੇ,
ਨੱਚ, ਚੌਰ ਤੇ ਵਾਗੀਆਂ ਫੇਰੀਆਂ ਨੀ॥

ਰਾਜਾ ਗੁਲਾਬ ਸਿੰਘ ਲਾਰਡ ਹਾਰਡਿੰਗ ਨੂੰ ਮਿੱਠੀ ਬੇਨਤੀ ਕਰਦਾ ਹੈ. ਉਹ ਵੀ ਨਾਟਕੀ ਵਾਰਤਾਲਾਪ ਹੈ:

- ਸਾਹਿਬ ਲੋਕ ਜੀ ਅਸਾਂ ਪਰ ਦਇਆ ਕਰਨੀ,
  ਬਾਹੋਂ ਪਕੜ ਲਾਹੌਰ ਲਿਆਂਵਦਾ ਈ॥

III ਵਿਅੰਗਮਈ ਸ਼ੈਲੀ: ਸ਼ਾਹ ਮੁਹੰਮਦ ਦੀ ਸ਼ੈਲੀ ਦੀ ਪ੍ਰਧਾਨ ਸੁਰ ਵਿਅੰਗ ਦੀ ਹੈ। ਉਹ ਵਿਅੰਗ ਅਤੇ ਚੋਟ ਕਰਨ ਵਿਚ ਇਕ ਨਿਪੁੰਨ ਕਲਾਕਾਰ ਹੋਇਆ ਹੈ। ਉਹ ਸਮੇਂ ਸਿਰ ਢੁਕਵੀਂ ਚੋਟ ਕਰਨੀ ਜਾਣਦਾ ਹੈ। ਉਹ ਵਿਅੰਗ ਭਰਪੂਰ ਸ਼ਬਦਾਂ ਵਿਚ ਕਿਸੇ ਦੀ ਕਮਜ਼ੋਰੀ, ਕਿਸੇ ਦੇ ਔਗੁਣ ਅਤੇ ਕਿਸੇ ਦੀ ਮੂਰਖਤਾ ਦਾ ਮੌਜੂ ਉਡਾਉਣ ਦੇ ਤਰੀਕੇ ਤੋਂ ਭਲੀਭਾਂਤ ਜਾਣੂ ਹੈ। ਇਸ ਦੀ ਚੋਭ ਸਿੱਧੀ ਪਰ ਸਹਿਜ ਕਰਾ ਦੇਣ ਵਾਲੀ ਹੈ।

ਡਾ. ਹਰਿਭਜਨ ਸਿੰਘ ਭਾਟੀਆ ਅਨੁਸਾਰ,

"ਇਸ ਦੁਆਰਾ ਕੀਤੇ ਗਏ ਵਿਅੰਗ ਤੇ ਚੋਟ ਵਿਚੋਂ ਉਹਦਾ ਤੀਖਣ ਅਨੁਭਵ ਵੀ ਝਲਕਦਾ ਹੈ ਅਤੇ ਵਿਸ਼ਾਲ ਸੋਚ ਵੀ। ਕਿਸੇ ਵਿਅੰਗ ਤੇ ਕਟਾਖਸ਼ ਦੀ ਭਾਸ਼ਾ ਦੀ ਵਰਤੋਂ ਸਦਕਾ ਉਹ ਆਪਣੇ ਪਾਠਕਾਂ ਦੇ ਅਹਿਸਾਸ ਅਤੇ ਗਿਆਨ ਨੂੰ ਇਕੋ ਵੇਲੇ ਸਾਹਮਣੇ ਲੈ ਆਉਂਦਾ ਹੈ। ਵਿਅੰਗ ਤੇ ਚੋਟ ਉਹ ਸਿੰਘ ਸੈਨਿਕਾਂ ਉਪਰ ਵੀ ਕਰਦਾ ਹੈ ਅਤੇ ਰਾਣੀ ਜਿੰਦਾਂ ਉਪਰ ਵੀ।"
(ਸ਼ਾਹ ਮੁਹੰਮਦ: ਜੀਵਨ ਤੇ ਰਚਨਾ, ਭੀਮ ਇੰਦਰ ਸਿੰਘ/ )

ਜਦੋਂ ਰਾਣੀ ਜਿੰਦਾਂ ਦੇ ਭਰਾ ਜਵਾਹਰ ਦਾ ਕਤਲ ਕਰ ਦਿੱਤਾ ਜਾਂਦਾ ਹੈ ਤਾਂ ਉਹ ਬਹੁਤ ਰੋਂਦੀ ਕੁਰਲਾਉਂਦੀ ਹੈ। ਫੌਜ ਇਸ ਨੂੰ ਸਾਧਾਰਣ ਘਰਾਣੇ ਦੀ ਧੀ ਹੋਣ ਦਾ ਮਿਹਣਾ ਮਾਰਦੀ ਹੈ। ਜਿਸ ਬਾਰੇ

ਸ਼ਾਹ ਮੁਹੰਮਦ ਲਿਖਦਾ ਹੈ:

- ਕਿਹੜੇ ਪਾਤਸ਼ਾਹ ਦਾ ਪੁੱਤ ਮੋਇਆ ਸਾਥੋਂ,
  ਜਿਹੜੇ ਢੂੰਘੜੇ ਵੈਣ ਤੂੰ ਪਾਵਨੀ ਹੈਂ।

ਖ਼ਾਲਸਾ ਫ਼ੌਜ ਨੂੰ ਜਦੋਂ ਹਾਰ ਦਾ ਮੂੰਹ ਵੇਖਣਾ ਪੈਂਦਾ ਹੈ ਤਾਂ ਲੋਕੀ ਮਿਹਣਾ ਮਾਰਦੇ ਹਨ:

- ਸੁਖੀ ਵੱਸਦਾ ਸ਼ਹਿਰ ਲਾਹੌਰ ਸਾਰਾ,
  ਸਗੋਂ ਫੌਜੀਆਂ ਹੱਥ ਫੜਾਇ ਆਏ।
  ਸ਼ਾਹ ਮੁਹੰਮਦਾ ਕਹਿੰਦੇ ਨੇ ਲੋਕ ਸਿੰਘ ਜੀ,
  ਤੁਸੀਂ ਚੰਗੀਆਂ ਪੂਰੀਆਂ ਪਾਇ ਆਏ।

ਸ਼ਾਹ ਮੁਹੰਮਦ ਦੇ ਵਿਅੰਗ ਵਿਚ ਕਿਤੇ ਚੋਟ ਜਾਂ ਮਜ਼ਾਕ ਨਹੀਂ ਸਗੋਂ ਡੂੰਘਾ ਦਰਦ ਤੇ ਸੋਜ਼ ਹੈ। ਉਹ ਆਪਣੇ ਗੁੱਸੇ ਅਤੇ ਦਰਦ ਨੂੰ ਵਿਅੰਗਮਈ ਢੰਗ ਨਾਲ ਪ੍ਰਗਟ ਕਰਦਾ ਹੈ।

IV ਰੋਚਕ ਸ਼ੈਲੀ: ਸ਼ਾਹ ਮੁਹੰਮਦ ਦੀ ਸ਼ੈਲੀ ਵਿਚੋਂ ਰੋਚਕਤਾ ਦੀ ਆਪ ਮੁਹਾਰੇ ਝਲਕਾਰੇ ਮਾਰਦੀ ਹੈ ਅਤੇ ਉਸਦੀ ਸ਼ੈਲੀ ਨੂੰ ਹੋਰ ਵੀ ਜ਼ਿਆਦਾ ਆਕਰਸ਼ਕ ਅਤੇ ਪ੍ਰਭਾਵਸ਼ਾਲੀ ਬਣਾਉਂਦੀ ਹੈ। ਇਸ ਦੀ ਰਚਨਾ ਨੂੰ ਪੜ੍ਹਦੇ ਕਿਤੇ ਵੀ ਉਕੇਵਾ ਮਹਿਸੂਸ ਨਹੀਂ ਹੁੰਦਾ, ਬਲਕਿ ਪਾਠਕ/ਸਰੋਤਾ ਇਸ ਨੂੰ ਉਤਸੁਕਤਾ ਨਾਲ ਪੜ੍ਹਦਾ ਹੈ।

ਡਾ. ਰਤਨ ਸਿੰਘ ਜੱਗੀ ਅਨੁਸਾਰ,

"ਰੋਚਕਤਾ ਦੀ ਆਦਿ ਤੋਂ ਅੰਤ ਤਕ ਕਾਇਮ ਰਹਿੰਦੀ ਹੈ, ਕਿਉਂਕਿ ਕਵੀ ਦੀ ਵਰਣਨ ਸ਼ਕਤੀ, ਸੁੰਦਰ ਸ਼ਬਦ ਚੋਣ, ਵਿਅੰਗ, ਉਕਤੀਆਂ ਅਤੇ ਮੁਹਾਵਰਿਆਂ ਨਾਲ ਸੁਸੱਜਿਤ ਹੈ ਅਤੇ ਪਾਤਰਾਂ ਦੇ ਮਨੋਭਾਵ ਵੀ ਰੋਚਕਤਾ ਦਾ ਵਾਧਾ ਕਰਦੇ ਹਨ।"

(ਸ਼ਾਹ ਮੁਹੰਮਦ: ਜੀਵਨ ਤੇ ਰਚਨਾ, ਡਾ. ਇੰਦਰ ਸਿੰਘ/117)

ਸ਼ਾਹ ਮੁਹੰਮਦ ਦੀ ਰਚਨਾ ਵਿਚ ਰੋਚਕਤਾ ਦੀਆਂ ਉਦਾਹਰਨਾਂ:-

- ਸਿਰ ਫ਼ੌਜ ਦੇ ਰਿਹਾ ਨਾ ਕੋਈ ਕੁੰਡਾ,
  ਹੋਏ ਸ਼ੁੱਤਰ ਜਿਉਂ ਬਾਝ ਮੁਹਾਰ ਮੀਆਂ।
  ਸ਼ਾਹ ਮੁਹੰਮਦਾ ਫਿਰਨ ਸਰਦਾਰ ਬਾਝੋਂ,
  ਭੂਤ ਮੰਡਲੀ ਹੋਈ ਤਿਆਰ ਮੀਆਂ।

- ਛੱਟੀ ਹੋਵਾਂ ਤੇ ਕਰਾਂ ਪੰਜਾਬ ਰੰਡੀ,
  ਸਾਰੇ ਦੇਸ਼ ਦੇ ਵਿਚ ਖਾ ਤੁਰਨ ਵਾਗਾਂ।

3. **ਅਲੰਕਾਰ:** ਅਲੰਕਾਰ ਇਕ ਹੁਨਰੀ ਜੁਗਤ ਹੈ। ਇਹ ਕਵਿਤਾ ਨੂੰ ਸ਼ਿੰਗਾਰਨ ਦਾ ਕੰਮ ਕਰਦੇ ਹਨ। ਇਸੇ ਲਈ ਕਵਿ ਸ਼ਾਸਤਰੀ ਇਸ ਨੂੰ ਕਵਿ ਦਾ ਗਹਿਣਾ ਆਖਦੇ ਹਨ। ਸ਼ਾਹ ਮੁਹੰਮਦ ਨੇ ਵੀ ਆਪਣੀ ਰਚਨਾ ਵਿਚ ਅਲੰਕਾਰਾਂ ਦੀ ਵਰਤੋਂ ਸੁਚੱਜਤਾ ਨਾਲ ਕੀਤੀ ਹੈ। ਉਸ ਨੇ ਵਧੇਰੇ ਕਰਕੇ ਉਪਮਾ ਅਲੰਕਾਰ ਦੀ ਵਰਤੋਂ ਕੀਤੀ ਹੈ।

ਸੀਤਾ ਰਾਮ ਕੋਹਲੀ ਅਨੁਸਾਰ,

"ਉਸ (ਸ਼ਾਹ ਮੁਹੰਮਦ) ਨੇ ਬਹੁਤ ਢੁਕਵੀਆਂ ਉਪਮਾਵਾਂ ਦੇ ਕੇ ਕਵਿਤਾ ਵਿਚ ਖ਼ਿਆਲੀ ਗੱਲ ਨੂੰ ਬਹੁਤ ਦਿਲ ਖਿੱਚਵੀਂ ਬਣਾ ਦਿੱਤਾ ਹੈ। ਉਸ ਦੀਆਂ ਉਪਮਾਵਾਂ ਢੁੱਕਵੀਆਂ ਅਤੇ ਫਬਵੀਆਂ ਹੋਣ ਤੋਂ ਛੁੱਟ ਸੁਫਲਿਤ ਵੀ ਹਨ।"
(ਜੰਗ ਸਿੰਘਾਂ ਤੇ ਫਰੰਗੀਆਂ, ਸੰਪ. ਬਲਬੀਰ ਪੂਨੀ / 77)

ਸ਼ਾਹ ਮੁਹੰਮਦ ਦੀ ਰਚਨਾ ਵਿਚ ਉਪਮਾ ਅਲੰਕਾਰ ਦੇ ਨਾਲ-ਨਾਲ ਰੂਪਕ, ਦ੍ਰਿਸ਼ਟਾਂਤ, ਅਤਿਕਥਨੀ, ਲੋਕੋਕਤੀ ਅਲੰਕਾਰ ਦੀ ਵਰਤੋਂ ਕੀਤੀ ਗਈ ਵੀ ਮਿਲਦੀ ਹੈ:

I **ਦ੍ਰਿਸ਼ਟਾਂਤ ਅਲੰਕਾਰ:**
- ਧਰਤੀ ਹੇਠ ਕੇ ਧੂੜ ਦੇ ਬਣੇ ਬੱਦਲ,
  ਜੈਸੇ ਉਡੂੰ ਆਕਾਸ਼ ਪਤੰਗ ਮੀਆਂ।
  ਸ਼ਾਹ ਮੁਹੰਮਦਾ ਸਿੰਘਾਂ ਦੀ ਲਾਇ ਬਾਜ਼ੀ,
  ਨਹੀਂ ਮੋੜਦੇ ਸੂਰਮੇ ਅੰਗ ਮੀਆਂ।

- ਤੂੰਦੇ ਅਸਾਏ ਨੀ ਰੰਨਾਂ ਦੇ ਯੂਰੋਂ ਕਾਰੇ,
  ਲੰਕਾ ਵਿਚ ਤਾਂ ਰਾਵਣ ਕੁਹਾਇ ਦਿੱਤਾ।

II <u>ਉਪਮਾ ਅਲੰਕਾਰ</u>
- ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
  ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

- ਲੜੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ,
  ਜੈਸੇ ਬੇਲਿਓ ਨਿਕਲਦੇ ਸ਼ੇਰ ਸੀਆ!

III <u>ਰੂਪਕ ਅਲੰਕਾਰ</u>
- ਕੂੰਜਾ ਨਜ਼ਰ ਆਈਆਂ ਬਾਜ਼ ਭੁੱਖਿਆਂ ਨੂੰ,
  ਚੋਟਾਂ ਕੈਸੀਆਂ ਵੱਖੋ ਚਲਾਂਵਦੇ ਨੀ!

- ਜੱਟੀ ਹੋਵਾਂ ਤੇ ਕਰਾਂ ਪੰਜਾਬ ਰੰਡੀ,
  ਸਾਰੇ ਦੇਸ਼ ਦੇ ਵਿਚ ਜਾ ਤੁਰਨ ਵਾਂਗਾਂ।

IV <u>ਅਤਿਕਥਨੀ ਅਲੰਕਾਰ</u>
- ਇਕ ਲੱਖ ਬੇਟਾ ਸਵਾ ਲੱਖ ਪੋਤਾ,
  ਰਾਵਣ ਮਾਰਿਆ ਘਰ ਦੇ ਭੇਤ ਸੀਆਂ!

- ਬੂਕੇ ਲਹਿਰਾਂ ਬਹੁਤ ਸੁਰਾਗਾਬਾਂ ਦੇ,
  ਨੱਸ ਚੋਰ ਤੇ ਵਾਲੀਆਂ ਡੰਡੀਆਂ ਨੀ।
  ਸ਼ਾਹ ਮੁਹੰਮਦਾ ਪੌਣਗੇ ਵੈਣ ਡੂੰਘੇ,
  ਜਦੋਂ ਰਹੂ ਪੰਜਾਬਣਾਂ ਰੰਡੀਆਂ ਨੀ।

V <u>ਲੋਕੋਕਤੀ ਅਲੰਕਾਰ</u>
- ਇਕ ਘੜੀ ਦੀ ਕੁਝ ਉਮੀਦ ਨਾਹੀਂ,
  ਕਿਸੇ ਲਈ ਰਾਜ਼ੀ ਕਿਸੇ ਸਾਹਣੀ ਜੀ!

4. <u>ਰਸ ਵਿਧਾਨ</u>: ਸ਼ਾਹ ਮੁਹੰਮਦ ਦੀ ਰਚਨਾ ਰਸ ਸਿਧਾਂਤ ਉਪਰ ਵੀ ਪੂਰੀ ਖਰੀ ਉਤਰਦੀ ਹੈ। <u>ਇਸ ਨੇ ਵੱਖ-ਵੱਖ ਪ੍ਰਕਾਰ ਦੇ ਰਸਾਂ ਦੀ ਵਰਤੋਂ ਕਰਕੇ ਸਰੋਤਿਆਂ ਦੇ ਮਨੋਭਾਵਾਂ ਨੂੰ ਟੁੰਬਿਆ ਹੈ।</u> ਸ਼ਾਹ ਮੁਹੰਮਦ ਨੇ ਆਪਣੀ ਰਚਨਾ ਵਿਚ <u>ਬੀਰ ਰਸ</u>, <u>ਕਰੁਣ ਰਸ</u>, <u>ਹਾਸ ਰਸ</u>, <u>ਸ਼ਾਂਤ ਰਸ</u>, <u>ਰੌਦਰ ਰਸ</u> ਅਤੇ <u>ਵੀਭਤਸ ਰਸ</u> <u>ਦੀ ਵਰਤੋਂ ਕੀਤੀ ਹੈ।</u>

<u>ਡਾ. ਬਲਬੀਰ ਸਿੰਘ ਪੂਨੀ ਅਨੁਸਾਰ,</u>

"ਸ਼ਾਹ ਮੁਹੰਮਦ ਦੇ ਇਸ ਕਿੱਸੇ ਵਿਚ ਜਿਹੜੇ

ਬੀਰ ਰਸ ਤਾਂ ਕਰੁਣ ਰਸ ਨੂੰ ਹੀ ਨਹੀਂ
ਵਰਤਦਾ ਸਗੋਂ ਪਾਠਕਾਂ ਨੂੰ ਗ਼ਮਗੀਨ
ਦੁਨੀਆਂ ਵਿਚੋਂ ਕੱਢ ਕੇ ਹਾਸੇ ਦੀ ਦੁਨੀਆਂ
ਵਿਚ ਲਿਆਉਂਦਾ ਹੈ।..... ਸ਼ਾਹ ਮੁਹੰਮਦ
ਵੀਭਤਸ ਰਸ ਦੀ ਵਰਤੋਂ ਵੀ ਕਰਦਾ ਹੈ।"
(ਜੰਗ ਸਿੰਘਾਂ ਤੇ ਅੰਗਰੇਜ਼ਾਂ, ਪੰਨਾ. 79)

ਸ਼ਾਹ ਮੁਹੰਮਦ ਦੀ ਰਚਨਾ ਵਿਚ ਵਰਤੇ ਗਏ ਰਸਾਂ ਦੀਆਂ ਉਦਾਹਰਨ ਇਸ ਪ੍ਰਕਾਰ ਹਨ:

I ਬੀਰ ਰਸ

- ਸਿੰਘ ਸੂਰਮੇ ਆਣ ਮੈਦਾਨ ਲੱਥੇ,
  ਗੰਜ ਲਾਹ ਸੁੱਟੇ ਉਨਾਂ ਗੋਰਿਆਂ ਦੇ।

- ਛੱਡੇ ਨਿਕਲੇ ਕੂਚ ਦਾ ਹੁਕਮ ਹੋਇਆ, ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।
  ਵੱਡੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ, ਸੱਭੇ ਬੰਨ੍ਹਿਓ ਨਿਕਲਦੇ ਸ਼ੇਰ ਮੀਆਂ।

II ਰੌਦਰ ਰਸ

- ਜੱਟੀ ਹੋਵਾਂ ਤੇ ਕਰਾਂ ਪੰਜਾਬ ਰੰਡੀ,
  ਸਾਰੇ ਦੇਸ਼ ਦੇ ਵਿਚ ਜਾ ਤੁਰਨ ਵਾਰਾਂ।

- ਕਰੋਂ ਹੁਕਮ ਤੇ ਤੇਗ ਉਠਾਈਏ ਜੀ, ਪਏ ਸਿੰਘ ਕਚੀਚੀਆਂ ਖਾਂਵਦੇ ਨੀ।
  ਕੂੰਆਂ ਨਜ਼ਰ ਆਈਆਂ ਬਾਜ਼ਾਂ ਭੁੱਖਿਆਂ ਨੂੰ ਚੋਟਾ ਕੈਂਸੀਆਂ ਵਲੋਂ
  ਚਲਾਂਵਦੇ ਨੀ।

III ਕਰੁਣ ਰਸ

- ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ,
  ਜਦੋਂ ਹੋਣ ਪੰਜਾਬਣਾਂ ਰੰਡੀਆਂ ਨੀ।

IV ਵੀਭਤਸ ਰਸ

- ਤੋਪਾਂ ਢੁੱਕੀਆਂ ਕਟਕ ਫ਼ਰੰਗੀਆਂ ਦੇ,
  ਗੋਲੇ ਤੋੜਦੇ ਮਾਸ ਤੇ ਹੱਡ ਮੀਆਂ।

V ਸ਼ਾਂਤ ਰਸ

- ਅੱਵਲ ਹਮਦ ਜਨਾਬ ਅੱਲਾਹ ਦੀ ਨੂੰ, ਜਿਹੜਾ ਕੁਦਰਤੀ ਖੇਡ ਬਣਾਂਵਦਾ ਈ।
  ਚੌਦਾਂ ਤਬਕਾਂ ਦਾ ਨਕਸ਼ ਨਗਾਰ ਕਰਕੇ, ਰੰਗ ਰੰਗ ਦੇ ਬਾਗ
  ਲਗਾਂਵਦਾ ਈ।

5. **ਬਿੰਬ ਵਿਧਾਨ:** ਸ਼ਾਹ ਮੁਹੰਮਦ ਨੇ ਆਪਣੀ ਰਚਨਾ ਵਿਚ ਬਿੰਬ ਵਿਧਾਨ ਦੀ ਵਰਤੋਂ ਬੜੀ ਕੁਸ਼ਲਤਾ ਨਾਲ ਕੀਤੀ ਹੈ। ਸ਼ਾਹ ਮੁਹੰਮਦ ਕਿਸੇ ਵੀ ਘਟਨਾ ਨੂੰ ਰਚਦਿਆਂ ਸਜੀਵ ਤਸਵੀਰ ਅੱਖਾਂ ਅੱਗੇ ਲਿਆ ਦਿੰਦਾ ਹੈ। ਸ਼ਾਹ ਮੁਹੰਮਦ ਦੀ ਰਚਨਾ ਵਿਚ ਦ੍ਰਿਸ਼ ਬਿੰਬ, ਨਾਦ ਬਿੰਬ, ਰਸ ਬਿੰਬ ਦੀ ਵਰਤੋਂ ਕੀਤੀ ਗਈ ਮਿਲਦੀ ਹੈ।

I **ਦ੍ਰਿਸ਼ ਬਿੰਬ**

• ਏਥੇ ਆਇਆਂ ਨੂੰ ਦੁਨੀਆਂ ਮੋਹ ਲੈਂਦੀ,
ਦਗ਼ੇਬਾਜ਼ ਦਾ ਯਾਰ ਨਾ ਭੇਸ ਮੀਆਂ।
ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ,
ਸਦਾ ਨਹੀਂ ਜੇ ਬਾਲ ਵਰੇਸ ਮੀਆਂ।

II **ਨਾਦ ਬਿੰਬ**

• ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ,
ਵਾਜੇ ਕੂੜ ਦੇ ਕਈ ਵਜਾਇ ਗਏ।

III **ਰਸ ਬਿੰਬ**

• ਦਾਰੂ ਪੀਤਿਆਂ ਸੂਰਿਆਂ ਜੰਗੀਆਂ ਨੂੰ,
ਦੋ ਦੋ ਬੋਤਲਾਂ ਚੜ੍ਹੇ ਖ਼ੁਮਾਰ ਮੀਆਂ।
ਸ਼ਾਹ ਮੁਹੰਮਦਾ ਪੀ ਸ਼ਰਾਬ ਗੋਰੇ,
ਹੋਏ ਜੰਗ ਨੂੰ ਤੁਰਤ ਤਿਆਰ ਮੀਆਂ।

6. **ਛੰਦ ਵਿਧਾਨ:** ਸ਼ਾਹ ਮੁਹੰਮਦ ਨੇ ਇਹ ਕਿੱਸਾ ਬੈਂਤ ਛੰਦ ਵਿਚ ਲਿਖਿਆ ਹੈ। ਇਸ ਲਈ ਇਸ ਨੂੰ 'ਬੈਂਤ ਸ਼ਾਹ ਮੁਹੰਮਦ' ਦੇ ਨਾਂ ਨਾਲ ਵੀ ਪੁਕਾਰਿਆ ਜਾਂਦਾ ਹੈ। ਉਸ ਦੁਆਰਾ ਵਰਤੇ ਗਏ ਬੈਂਤਾਂ ਨੂੰ 'ਚੌਕਸੀਆਂ ਬੈਂਤ' ਆਖਿਆ ਜਾਂਦਾ ਹੈ।

**ਸੀਤਾ ਰਾਮ ਕੋਹਲੀ ਅਨੁਸਾਰ,**

"ਪੰਜਾਬੀ ਕਵਿਤਾ ਦੇ ਇਤਿਹਾਸ ਵਿਚ 1750-1850 ਈ. ਦਾ ਸਮਾਂ 'ਬੈਂਤ' ਦਾ ਸੁਨਹਿਰੀ ਸਮਾਂ ਮੰਨਿਆ ਜਾਂਦਾ ਹੈ। ਬਾਕੀ ਸਾਰਿਆਂ ਛੰਦਾਂ ਨਾਲੋਂ ਇਹ ਸਿਰ ਕੱਢਵਾਂ ਅਤੇ ਵਧੇਰੇ ਸਤਿਕਾਰ ਵਾਲਾ ਮੰਨਿਆ ਜਾਣ ਲੱਗ ਪਿਆ ਸੀ। ਸ਼ਾਹ ਮੁਹੰਮਦ

ਇਸ ਗਲ ਦਾ ਉਹ ਆਖਰੀ ਕਵੀ ਸੀ
ਜਿਸ ਦੇ ਹੱਥਾਂ ਵਿਚ ਬੈਂਤ ਪੰਜਾਬੀ ਕਵਿਤਾ
ਦਾ ਸਿਰਤਾਜ ਛੰਦ ਬਣ ਗਿਆ ਹੈ।"
(ਸ਼ਾਹ ਮੁਹੰਮਦ: ਜੀਵਨ ਤੇ ਰਚਨਾ, ਡਾ ਇੰਦਰ ਸਿੰਘ/97-98)

ਸ਼ਾਹ ਮੁਹੰਮਦ ਨੇ 105 ਬੈਂਤਾਂ ਵਿਚ ਇਹ ਕਿੱਸਾ ਲਿਖਿਆ ਹੈ। ਇਸ ਦੀ ਹਰ ਪੰਕਤੀ ਵਿਚ 40 ਮਾਤਰਾਵਾਂ ਹੁੰਦੀਆਂ ਹਨ, ਪਰ ਇਹ ਮਾਤਰਾਵਾਂ ਕਿਤੇ ਘੱਟ ਵੱਧ ਵੀ ਹਨ:

- ਸ਼ਾਹ ਮੁਹੰਮਦਾ ਸਦਾ ਨਾ ਰੂਪ ਦੂਨੀਆਂ,
  ਸਦਾ ਰਹਿਣ ਨਾ ਬਾਗ਼ ਕੇਸ ਸੀਆਂ। (20+20)

- ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ,
  ਸਦਾ ਨਹੀਂ ਜੇ ਬਾਲ ਵਰੇਸ ਸੀਆਂ। (20+19)

ਸ਼ਾਹ ਮੁਹੰਮਦ ਨੇ ਪਰੰਪਰਾਗਤ ਕਿੱਸਾਕਾਰਾਂ ਦੀ ਲੀਹ ਤੇ ਚਲਦਿਆਂ ਬੈਂਤ ਛੰਦ ਵਿਚ ਇਹ ਕਿੱਸਾ ਲਿਖਿਆ ਹੈ। ਉਹ ਪੰਜਾਬੀ ਕਿੱਸੇ ਜੋ ਲੋਕਾਂ ਵਿਚ ਵਧੇਰੇ ਪ੍ਰਚਲਿਤ ਤੇ ਹਰਮਨ ਪਿਆਰੇ ਹੋਏ ਹਨ, ਜਿਨਾਂ ਕਿੱਸਾਕਾਰਾਂ ਨੇ ਬੈਂਤ ਛੰਦ ਦੀ ਵਰਤੋਂ ਕੀਤੀ ਹੈ। ਕਿਉਂਕਿ ਇਸ ਛੰਦ ਨੂੰ ਗਾਉਂਦੇ ਸਮੇਂ ਇਕ ਰਸਮਈ ਹੂਕ ਨਿਕਲਦੀ ਹੈ ਜੋ ਸਰੋਤਿਆਂ ਨੂੰ ਕੀਲ ਲੈਂਦੀ ਹੈ।

7. ਇਤਿਹਾਸਿਕ ਹਵਾਲੇ: ਸ਼ਾਹ ਮੁਹੰਮਦ ਦੁਆਰਾ ਰਚਿਤ 'ਜੰਗ ਸਿੰਘਾਂ ਤੇ ਅੰਗਰੇਜ਼ਾਂ' ਇਕ ਇਤਿਹਾਸਿਕ ਰਚਨਾ ਹੋਣ ਕਰਕੇ ਇਸ ਵਿਚ ਕਈ ਇਤਿਹਾਸਿਕ ਹਵਾਲਿਆਂ ਦੀ ਵੀ ਵਰਤੋਂ ਕੀਤੀ ਗਈ ਹੈ। ਇਤਿਹਾਸਿਕ ਹਵਾਲਿਆਂ ਵਿਚ ਸ਼ਾਹ ਮੁਹੰਮਦ ਨੇ ਕਈ ਇਤਿਹਾਸਿਕ ਵਿਅਕਤੀਆਂ ਦੇ ਨਾਮ ਦਿੱਤੇ ਹਨ, ਜਿਵੇਂ ਅਕਬਰ, ਸ਼ਦਾਦ, ਨਮਰੂਦ, ਫ਼ਿਰਊਨ, ਰਾਵਣ, ਕੌਰਵ, ਪਾਂਡਵ, ਆਦਿ।

ਉਦਾਹਰਣ
- ਤੂੰਹੇਂ ਆਇ ਕੇ ਰੰਨਾਂ ਦੇ ਪੂਰੇ ਕਾਰੇ,
  ਲੰਕਾ ਵਿਚ ਤਾਂ ਰਾਵਣ ਕੁਹਾਇ ਦਿੱਤਾ।
  ਕੌਰਵ ਪਾਂਡਵਾਂ ਨਾਲ ਕੀ ਭਲਾ ਕੀਤਾ,
  ਅਠਾਰਾਂ ਖੂਹਣੀਆਂ ਕਟਕ ਮੁਕਾਇ ਦਿੱਤਾ।

8. ਕਲਪਨਾ: ਕਲਪਨਾ ਕਵਿਤਾ ਦਾ ਬੁਨਿਆਦੀ ਤੱਤ ਹੈ। ਕਿਸੇ ਵੀ ਕਵੀ ਦੀ ਕਲਪਨਾ ਉਤਨੀ ਉਚ ਉਡਾਰੀ ਲਾਵੇਗੀ ਜਿਤਨਾ ਉਸ ਦਾ ਜੀਵਨ ਅਨੁਭਵ ਤੇ ਗਿਆਨ ਹੋਵੇਗਾ। ਸ਼ਾਹ ਮੁਹੰਮਦ ਦਾ ਵਿਸ਼ਾਲ ਜੀਵਨ ਅਨੁਭਵ ਹੈ। ਉਸ ਨੇ ਇਹ ਰਚਨਾ ਆਪਣੇ ਬੁਢਾਪੇ ਸਮੇਂ ਰਚੀ ਸੀ। ਉਸ ਦੀ ਕਾਵਿ ਉਡਾਰੀ ਵਿਚ ਵਿਸ਼ਾਲ ਜੀਵਨ ਅਨੁਭਵ ਦਾ ਝਲਕਾਰਾ ਪੈਂਦਾ ਹੈ ਜੋ ਪਾਠਕ ਨੂੰ ਇਹਲੋਕ ਵਿਚ ਰੱਖਦੀ ਹੋਈ ਵੀ ਅਨੰਦ ਦਿੰਦੀ ਹੈ।

ਉਦਾਹਰਨ

- ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ,
  ਸਦਾ ਨਹੀਂ ਜੇ ਬਾਲ ਵਰੇਸ ਮੀਆਂ।
  ਸਦਾ ਨਹੀਂ ਜੇ ਦੌਲਤਾਂ ਫ਼ੀਲ ਘੋੜੇ,
  ਸਦਾ ਨਹੀਂ ਜੇ ਰਾਜਿਆਂ ਦੇਸ਼ ਮੀਆਂ।
  ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆਂ,
  ਸਦਾ ਰਹਿਣ ਨਾ ਕਾਲੜੇ ਕੇਸ ਮੀਆਂ।

9. ਅਖਾਣ/ਮੁਹਾਵਰੇ: ਸ਼ਾਹ ਮੁਹੰਮਦ ਨੇ ਆਪਣੀ ਰਚਨਾ ਵਿਚ ਮੁਹਾਵਰਿਆਂ ਦੀ ਵਰਤੋਂ ਖੁੱਲ ਕੇ ਕੀਤੀ ਹੈ। ਜਿਸ ਤੋਂ ਉਸ ਦੀ ਪੰਜਾਬੀ ਬੋਲੀ ਦੀ ਵਿਸ਼ਾਲ ਸੋਝੀ ਪ੍ਰਗਟ ਹੁੰਦੀ ਹੈ। ਮੁਹਾਵਰਿਆਂ ਨਾਲ ਭਾਸ਼ਾ ਵਧੇਰੇ ਪ੍ਰਭਾਵਸ਼ਾਲੀ ਅਤੇ ਸੁੰਦਰ ਲੱਗਦੀ ਹੈ। ਇਹ ਮੁਹਾਵਰੇ ਵਰਤ ਕੇ ਆਪਣੀ ਰਚਨਾ ਦੇ ਪ੍ਰਭਾਵ ਨੂੰ ਵੱਧ ਪ੍ਰਭਾਵਸ਼ਾਲੀ ਬਣਾਇਆ ਹੈ।

ਡਾ. ਰਤਨ ਸਿੰਘ ਜੱਗੀ ਅਨੁਸਾਰ,

"ਸ਼ਾਹ ਮੁਹੰਮਦ ਨੇ ਇਸ ਜੰਗਨਾਮੇ ਵਿਚ ਮੁਹਾਵਰਿਆਂ ਦੀ ਖੁੱਲ ਕੇ ਵਰਤੋਂ ਕੀਤੀ ਹੈ। ਵਿਵਰਣ-ਪ੍ਰਧਾਨ ਰਚਨਾ ਹੋਣ ਕਰਕੇ ਭਾਵੇਂ ਮੁਹਾਵਰਿਆਂ ਦੁਆਰਾ ਭਾਸ਼ਾ ਦੀ ਸੰਕੇਤਾਤਮ-ਕਤਾ ਨੂੰ ਵਧਾਉਣ ਦੀ ਗੁੰਜਾਇਸ਼ ਬਹੁਤ ਘੱਟ ਰਹੀ ਸੀ, ਪਰ ਫਿਰ ਵੀ ਸ਼ਾਹ ਮੁਹੰਮਦ ਨੇ ਸਹਿਜ ਸੁਭਾ ਬੜੀ ਸਫਲਤਾ ਨਾਲ ਮੁਹਾਵਰਿਆਂ ਦੀ ਵਰਤੋਂ ਕਰਕੇ ਨਗ ਨਿਆ ਵਾਂਗ ਉਨ੍ਹਾਂ ਨੂੰ ਕਥਾ ਪ੍ਰਵਾਹ ਵਿਚ ਜੜਿਆ ਹੈ।"

ਸ਼ਾਹ ਮੁਹੰਮਦ ਦੁਆਰਾ ਵਰਤੇ ਗਏ ਮੁਹਾਵਰਿਆਂ ਦੀਆਂ ਅਨੇਕਾਂ ਉਦਾਹਰਨਾ ਹੈ। ਜਿਵੇਂ:

ਕਆਮਤ ਦਾ ਰੱਸਾ ਵੱਢਣਾ, ਅਰਸ਼ ਦੇ ਪੈਰ ਪਾਉਣਾ, ਮੰਦੀ ਨਜ਼ਰ, ਗੁੱਡੀਆਂ ਕਸਾਂ ਚੜਾਉਣੀਆਂ, ਚੀਸ ਜਾਣਾ, ਲਿਖ ਵਾਂਗ ਨਿਚੋੜਨਾ, ਬੀੜਾ ਚੁੱਕਣਾ, ਹੱਥ ਧੋ ਕੇ ਮਗਰ ਪੈਣਾ ਆਦਿ।